## ਆਹਮੋ-ਸਾਹਮਣੇ

# ਨਿਹੰਗ ਅਜੀਤ ਸਿੰਘ ਪੂਹਲੇ ਦੇ ਜ਼ੁਲਮਾਂ ਦਾ ਮੁਕਾਬਲਾ ਕਰਨਾ ਮੌਤ ਨੂੰ ਆਵਾਜ਼ ਮਾਰਨ ਦੇ ਬਰਾਬਰ ਸੀ

## ਲੋਕਾਂ ਦੇ ਸਹਿਯੋਗ ਤੇ ਗੁਰੂ ਦੇ ਅਸ਼ੀਰਵਾਦ ਨਾਲ ਹੀ ਪੂਹਲੇ ਦੀ ਦਹਿਸ਼ਤ ਦਾ ਅੰਤ ਹੋ ਸਕਿਆ

## ਇਸ ਸੰਘਰਸ਼ ਵਿਚ ਅਕਾਲੀ ਆਗੂਆਂ ਦੀ ਭੂਮਿਕਾ ਨਿਰਾਸ਼ਾਜਨਕ ਰਹੀ-ਕਰਨਲ ਸੰਧੂ

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਪੂਹਲਾ ਵਿਚ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ ਵਿਚ ਬਣੇ ਹੋਏ ਗੁਰੂਦੁਆਰਾ ਨੂੰ ਜ਼ਬਰਦਸਤੀ ਆਪਣੇ ਕਬਜ਼ੇ ਵਿਚ ਲਏ ਜਾਣ ਤੋਂ ਬਾਅਦ ਨਿਹੰਗ ਅਜੀਤ ਸਿੰਘ ਪੂਹਲੇ ਨੇ ਇਸ ਖੇਤਰ ਵਿਚ ਜੋ ਗੁੰਡਾ ਗਰਦੀ ਤੇ ਦਹਿਸ਼ਤ ਦਾ ਨੰਗਾ ਨਾਚ ਨਚਾਇਆ ਉਸ ਤੋਂ ਭੈਭੀਤ ਲੋਕ ਇਸ ਦੇ ਜ਼ੁਲਮਾਂ ਨੂੰ ਚੁੱਪ ਚਾਪ ਬਰਦਾਸ਼ਤ ਤਾਂ ਕਰ ਰਹੇ ਸਨ ਲੇਕਿਨ ਕੋਈ ਵੀ ਇਸ ਨਿਹੰਗ ਦੀ ਗੁੰਡਾਗਰਦੀ ਵਿਰੁੱਧ ਆਪਣੀ ਆਵਾਜ਼ ਨੂੰ ਬੁਲੰਦ ਕਰਨ ਦਾ ਹੌਂਸਲਾ ਨਹੀਂ ਸੀ ਕਰ ਸਕਿਆ। ਜੇਕਰ ਕਿਸੇ ਨੇ ਅਜਿਹਾ ਕਰਨ ਦੀ ਥੋੜ੍ਹੀ ਬਹੁਤ ਕੋਸ਼ਿਸ਼ ਕੀਤੀ ਤਾਂ ਉਸ ਨੂੰ ਇਸ ਨਿਹੰਗ ਤੇ ਉਸ ਦੇ ਸਹਿਯੋਗੀਆਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਨਿਹੰਗ ਦੀ ਗੁੰਡਾਗਰਦੀ ਇਤਨੀ ਵਧ ਗਈ ਸੀ ਕਿ ਇਸ ਖੇਤਰ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਮਹਿਫੂਜ਼ ਨਹੀਂ ਸੀ। ਕੋਈ ਵੀ ਪਿੰਡ ਦੀ ਧੀ ਭੈਣ ਇਸ ਗੁਰੂਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਦੀ ਹਿੰਮਤ ਨਹੀਂ ਸੀ ਸਕਦੀ।ਸਰਕਾਰੀ ਤੇ ਸਿਆਸਤਦਾਨਾਂ ਦੀ ਸਰਪ੍ਰਸਤੀ ਨੇ ਨਿਹੰਗ ਅਜੀਤ ਸਿੰਘ ਪੂਹਲੇ ਦੇ ਵਿਰੁੱਧ ਕਿਸੇ ਕਿਸਮ ਦੀ ਆਵਾਜ਼ ਉਠਾਉਣ ਲਈ ਇਥੋਂ ਦੇ ਲੋਕਾਂ ਨੂੰ ਇਕ ਕਿਸਮ ਦਾ ਨਿਹੱਥੇ ਕਰ ਕਰ ਕੇ ਰਖ ਦਿਤਾ ਸੀ। ਲੇਕਿਨ ਕੁਦਰਤ ਦੇ ਆਪਣੇ ਅਸੂਲ ਹੁੰਦੇ ਹਨ। ਕੁਦਰਤ ਦਾ ਇਹ ਅਸੂਲ ਹੈ ਕਿ ਜਦ ਕਦੇ ਵੀ ਇਸ ਧਰਤੀ ਦੇ ਲੋਕਾਂ ਉੱਪਰ ਇਸ ਕਿਸਮ ਦੇ ਜ਼ੁਲਮ ਹੋਏ ਹਨ ਤਾਂ ਕੁਦਰਤ ਅਜਿਹੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਚਮਤਕਾਰ ਦਿਖਾਉਂਦੀ ਹੈ। ਇਸ ਲਈ ਅਜਿਹੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਅਰਾਮ ਦੀ ਜ਼ਿੰਦਗੀ ਬਸਰ ਕਰ ਰਹੇ ਫ਼ੌਜ ਦੇ ਇਕ ਰਿਟਾਇਰਡ ਕਰਨਲ ਸੰਧੂ ਨੂੰ ਕੁਦਰਤ ਨੇ ਇਹ ਸੇਵਾ ਕਰਨ ਦਾ ਬਲ ਬਖ਼ਸ਼ਿਆ। ਨਿਹੰਗ ਪੂਹਲੇ ਨਾਲ ਟੱਕਰ ਲੈਣੀ ਆਪਣੀ ਮੌਤ ਨੂੰ ਆਵਾਜ਼ ਮਾਰਨ ਦੇ ਤੁੱਲ ਸੀ। ਲੇਕਿਨ ਇਸ ਜ਼ੋਖਮ ਭਰੇ ਸੰਘਰਸ਼ ਵਿਚ ਸਫਲਤਾ ਨੂੰ ਪ੍ਰਾਪਤ ਕਰਨ ਲਈ ਜਿਸ ਤਰ੍ਹਾਂ ਕਰਨਲ ਜੀ.ਐਸ ਸੰਧੂ ਨੇ ਆਪਣੀ ਭੂਮਿਕਾ ਅਦਾ ਕੀਤੀ ਉਹ ਨਿਰਸੰਦੇਹ ਹੀ ਸ਼ਲਾਘਾਯੋਗ ਕਹੀ ਜਾ ਸਕਦੀ ਹੈ। ਨਿਹੰਗ ਪੂਹਲੇ ਦੇ ਜ਼ੁਲਮਾਂ ਦਾ ਅੰਤ ਕਰਕੇ ਉਸ ਦੇ ਕਬਜ਼ੇ ਵਿਚੋਂ ਗੁਰੂਦੁਆਰਾ ਸਾਹਿਬ ਨੂੰ ਆਜ਼ਾਦ ਕਰਵਾ ਕੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰਨ ਵਾਲੇ ਇਨ੍ਹਾਂ ਯੋਧਿਆਂ ਦੀ ਅਗਵਾਈ ਕਰਨ ਵਾਲੇ ਕਰਨਲ ਜੀ.ਐਸ ਸੰਧੂ ਅੱਜ-ਕੱਲ੍ਹ ਕੈਲੀਫੋਰਨੀਆ ਦੇ ਆਪਣੇ ਦੌਰੇ ਤੇ ਆਏ ਹੋਏ ਹਨ। ਆਪਣੀ ਇਸ ਯਾਤਰਾ ਦੌਰਾਨ ਉਹ ਪੰਜਾਬ ਨਿਊਜ ਦੇ ਦਫ਼ਤਰ ਵਿਚ ਵੀ ਆਏ ਜਿੱਥੇ ਅਸੀਂ ਉਹਨ੍ਹਾਂ ਨਾਲ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਗੱਲਬਾਤ ਵੀ ਕੀਤੀ। ਜਿਸ ਗੱਲਬਾਤ ਦਾ ਸਾਰਅੰਸ਼ ਅਸੀਂ ਆਪਣੇ ਪਾਠਕਾਂ ਦੀ ਜਾਣਕਾਰੀ ਲਈ ਪ੍ਰਕਾਸ਼ਤ ਕਰਨ ਦੀ ਖੁਸ਼ੀ ਲੈ ਰਹੇ ਹਾਂ-***ਸੰਪਾਦਕ***

**?-ਕਰਨਲ ਸਾਹਿਬ ਸਭ ਤੋਂ ਪਹਿਲਾਂ ਪੰਜਾਬ ਨਿਊਜ਼ ਦੇ ਦਫ਼ਤਰ ਆਉਣ ਲਈ ਤੁਹਾਨੂੰ ਜੀ ਆਇਆਂ ਨੂੰ?**

-ਮੈਨੂੰ ਇਥੇ ਆ ਕੇ ਅੱਜ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਨਿਊਜ ਰਾਹੀਂ ਮੇਰੀ ਆਵਾਜ਼ ਅਮਰੀਕਾ ਦੇ ਕੋਨੇ ਕੋਨੇ ਵਿਚ ਪਹੁੰਚ ਜਾਵੇਗੀ।

**?-ਸੰਧੂ ਸਾਹਿਬ ਤੁਹਾਡੇ ਨਾਲ ਅਗਲੀ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਸਾਨੂੰ ਆਪਣੇ ਬਾਰੇ ਕੁਝ ਜਾਣਕਾਰੀ ਦਿਓ?**

-ਮੇਰਾ ਜਨਮ ਫਰਵਰੀ 1935 ਨੂੰ ਬਾਬਾ ਦੀਪ ਸਿੰਘ ਦੀ ਚਰਨ ਛੂਹ ਧਰਤੀ ਦੇ ਪਿੰਡ ਪੂਹਵਿੰਡ ਵਿਖੇ ਹੋਇਆ ਤੇ ਆਪਣੀ ਮੁਢਲੀ ਸਿੱਖਿਆ ਲਾਹੌਰ ਵਿਚੋਂ ਹੀ ਪ੍ਰਾਪਤ ਕੀਤੀ।

**?-ਆਪਣੇ ਭੈੜੇ ਕੰਮਾਂ ਕਰਕੇ ਬਦਨਾਮ ਹੋ ਚੁੱਕੇ ਨਿਹੰਗ ਅਜੀਤ ਸਿਘ ਪੂਹਲੇ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਪ੍ਰੇਰਨਾ ਤਹਾਨੂੰ ਕਿਥੋਂ ਤੇ ਕਿਵੇਂ ਮਿਲੀ?**

-ਚਾਹਲ ਸਾਹਿਬ ਜੀ, ਮੇਰੇ ਨਾਨਕੇ ਜਨਰਲ ਸ਼ਾਮ ਸਿੰਘ ਅਟਾਰੀ ਦੇ ਪਰਿਵਾਰ ਵਿਚ ਤੇ ਜਨਮ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਚਰਨ ਛੂਹ ਧਰਤੀ ਪਹੁਵਿੰਡ ਵਿਖੇ ਹੋਣ ਕਰਕੇ ਭਾਵੇਂ ਮੇਰਾ ਖੂਨ ਹਮੇਸ਼ਾਂ ਹੀ ਕੁਝ ਕਰਨ ਗੁਜ਼ਰਨ ਲਈ ਉਬਾਲੇ ਤਾਂ ਖਾਂਦਾ ਰਹਿੰਦਾ ਸੀ ਪਰ ਆਰਾਮਦਾਇਕ ਰਿਟਾਇਰ ਜ਼ਿੰਦਗੀ ਮੇਰੇ ਕੁਝ ਕਰ ਗੁਜ਼ਰਨ ਦੇ ਰਸਤੇ ਵਿਚ ਹਮੇਸ਼ਾਂ ਹੀ ਰੁਕਾਵਟ ਬਣਦੀ ਰਹੀ। ਲੇਕਿਨ ਮੇਰੇ ਪਿਤਾ ਜੀ ਸ੍ਰ: ਗੁਰਦਤਾਰ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਅਕਸਰ ਹੀ ਮੈਨੂੰ ਆਪਣੇ ਪਿੰਡ ਆਉਣਾ ਜਾਣਾ ਪੈਂਦਾ ਸੀ। ਜਦ ਮੈਂ 10 ਅਕਤੂਬਰ 2003 ਨੂੰ ਆਪਣੇ ਪਿੰਡ ਗਿਆ ਤਾਂ ਪੂਹਲੇ ਪਿੰਡ ਦੇ ਸਾਬਕਾ ਫ਼ੌਜੀ ਇਕੱਠੇ ਹੋ ਕੇ ਮੇਰੇ ਕੋਲ ਆ ਕੇ ਦਰਦ ਭਰੀ ਵਿੱਥਿਆ ਸੁਣਾਉਣ ਲੱਗੇ। ਇਨ੍ਹਾਂ ਸਾਬਕਾ ਫ਼ੌਜੀਆਂ ਨੇ ਮੈਨੂੰ ਦੱਸਿਆ ਕਿ ਨਿਹੰਗ ਅਜੀਤ ਸਿੰਘ ਪੂਹਲੇ ਨੇ ਉਨ੍ਹਾਂ ਦੇ ਪਿੰਡ ਵਿਚ ਜਿਥੇ ਬਹੁਤ ਦਹਿਸ਼ਤ ਪਾਈ ਹੋਈ ਹੈ ਉਥੇ ਉਹ ਉਨ੍ਹਾਂ ਦੀਆਂ ਸਾਰੀਆਂ ਫਸਲਾਂ ਨੂੰ ਉਜਾੜ ਕੇ ਰੱਖ ਦਿੰਦਾ ਹੈ। ਇਨ੍ਹਾਂ ਫ਼ੌਜੀਆਂ ਨੇ ਮੈਨੂੰ ਇਹ ਦੱਸਿਆ ਕਿ ਇਸ ਨਿਹੰਗ ਦੀ ਦਹਿਸ਼ਤ ਕਰਕੇ ਉਨ੍ਹਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਵੀ ਮਹਿਫੂਜ਼ ਨਹੀਂ ਹੈ। ਇਸ ਨੇ ਉਨ੍ਹਾਂ ਦੇ ਪਿੰਡ ਦੇ ਇਤਿਹਾਸਕ ਗੁਰੂਦੁਆਰਾ ਸਾਹਿਬ ਉਪਰ ਜਿਥੇ ਆਪਣਾ ਨਾਜ਼ਾਇਜ਼ ਕਬਜ਼ਾ ਕੀਤਾ ਹੋਇਆ ਹੈ ਉਥੇ ਉਸਨੇ ਇਥੋਂ ਦੀ 30 ਕਿੱਲੇ ਜ਼ਮੀਨ ਵੀ ਦੱਬੀ ਹੋਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਨਿਹੰਗ ਅਜੀਤ ਸਿੰਘ ਪੂਹਲੇ ਦੀ ਦਹਿਸ਼ਤ ਕਰਕੇ ਪਿੰਡ ਦਾ ਕੋਈ ਵੀ ਆਦਮੀ ਇਸ ਪਵਿਤਰ ਗੁਰੁਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਨਹੀਂ ਜਾਂਦਾ। ਮੇਰੇ ਪੁੱਛਣ ਤੇ ਉਨ੍ਹਾਂ ਫ਼ੌਜੀਆਂ ਨੇ ਦੱਸਿਆ ਕਿ ਪੁਲਿਸ ਵੀ ਜਿਥੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਕਰ ਰਹੀ, ਉਥੇ ਸਿਆਸਤਦਾਨ ਵੀ ਇਸ ਨਿਹੰਗ ਦੇ ਜ਼ੁਲਮਾਂ ਅੱਗੇ ਆਪਣੇ ਹਥਿਆਰ ਸੁੱਟੀ ਫਿਰਦੇ ਹਨ। ਇਨ੍ਹਾਂ ਫ਼ੌਜੀਆਂ ਦੀਆਂ ਇਹ ਗੱਲਾਂ ਸੁਣ ਕੇ ਮੇਰਾ ਮਨ ਬਹੁਤ ਦੁਖੀ ਹੋਇਆ ਤੇ ਉਸ ਵਕਤ ਭਾਵੇਂ ਮੈਂ ਇਹ ਸਮਝਦਾ ਸਾਂ ਕਿ ਨਿਹੰਗ ਅਜੀਤ ਸਿੰਘ ਪੂਹਲੇ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਦੀ ਗੱਲ ਸੋਚਣਾ ਭਾਵੇਂ ਆਪਣੀ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ ਪਰ ਜਨਰਲ ਸ਼ਾਮ ਸਿੰਘ ਅਟਾਰੀ ਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਔਲਾਦ ਹੋਣ ਕਰਕੇ ਮੈਂ ਇਸ ਦਿਸ਼ਾ ਵੱਲ ਕੁਝ ਕਰਨ ਦਾ ਫੈਸਲਾ ਕਰ ਲਿਆ। ਇਹ ਫੈਸਲਾ ਕਰਨ ਤੋਂ ਬਾਅਦ ਮੈਂ ਉਨ੍ਹਾਂ ਫ਼ੌਜੀ ਭਰਾਵਾ ਨੂੰ ਵਿਸ਼ਵਾਸ਼ ਦਿਵਾਇਆ ਕਿ ਨਿਹੰਗ ਅਜੀਤ ਸਿੰਘ ਪੂਹਲੇ ਦੇ ਜ਼ੁਲਮਾਂ ਦਾ ਮੁਕਾਬਲਾ ਕਰਨ ਲਈ ਉਹ ਬਿਲਕੁਲ ਉਨ੍ਹਾਂ ਦਾ ਸਾਥ ਦੇਣਗੇ।ਮੇਰੀ ਇਹ ਗੱਲ ਸੁਣਕੇ ਉਹ ਸਾਰੇ ਫ਼ੌਜੀ ਵਾਪਸ ਆਪੋ ਆਪਣੇ ਘਰਾਂ ਨੂੰ ਚਲੇ ਗਏ।

**?-ਨਿਹੰਗ ਅਜੀਤ ਸਿੰਘ ਪੂਹਲੇ ਦੀਆਂ ਜ਼ਿਆਦਤੀਆਂ ਵਿਰੁੱਧ ਤੁਹਾਡੇ ਵਲੋਂ ਆਰੰਭ ਕੀਤੇ ਗਏ ਸੰਘਰਸ਼ ਦਾ ਮੁੱਢ ਕਦੋਂ ਤੇ ਕਿਵੇਂ ਬੱਝਾ?**

-ਉਸ ਵਕਤ 13 ਅਕਤੂਬਰ 2003 ਦਾ ਦਿਨ ਸੀ। ਜਦ ਰਾਤ ਨੂੰ ਮੈਂ ਅਜੇ ਆਪਣੇ ਪਿੰਡ ਪਹੁਵਿੰਡ ਵਿਚ ਹੀ ਸਾਂ। ਰਾਤ ਨੂੰ ਪੂਹਲੇ ਪਿੰਡ ਤੋਂ ਲੋਕਾਂ ਦੇ ਫੋਨ ਆਉਣੇ ਸ਼ੁਰੂ ਹੋ ਗਏ ਕਿ ਨਿਹੰਗ ਅਜੀਤ ਸਿੰਘ ਪੂਹਲਾ ਤੇ ਉਸ ਦੇ ਸਾਥੀ ਸ਼ਰਾਬ ਦੇ ਨਸ਼ੇ ਵਿਚ ਗੁਰੂਦੁਆਰਾ ਸਾਹਿਬ ਵਿਚ ਦਹਾੜ ਰਹੇ ਹਨ। ਉਸ ਵਕਤ ਪਿੰਡ ਦੇ ਲੋਕ ਪਿੰਡ ਅੰਦਰ ਬਣ ਰਹੇ ਇਕ ਛੋਟੇ ਜਿਹੇ ਗੁਰੂਦੁਆਰਾ ਸਾਹਿਬ ਦੀ ਬਿਲਡਿੰਗ ਉਪਰ ਛਤ ਪਾਉਣ ਦੀ ਤਿਆਰੀ ਕਰ ਰਹੇ ਸਨ। ਰਾਤ ਨੂੰ ਨਿਹੰਗ ਪੂਹਲੇ ਤੇ ਉਸ ਦੇ ਸਾਥੀਆਂ ਨੇ ਇਸ ਕੰਮ ਲਈ ਲੱਗੇ ਹੋਏ ਲੋਕਾਂ ਤੇ ਮਿਸਤਰੀਆਂ 'ਤੇ ਬਹੁਤ ਕੁਟਾਪਾ ਚਾੜ੍ਹਿਆ। ਨਾਗੋ ਸ਼ਰਮਾ ਨਾਮ ਦੇ ਰਾਜ ਮਿਸਤਰੀ ਨੂੰ ਇਹ ਲੋਕ ਉੱਥੋਂ ਅਗਵਾ ਕਰਕੇ ਲੈ ਗਏ ਜਿਸ ਦਾ ਅਤਾ ਪਤਾ ਅਜੇ ਤੱਕ ਨਹੀਂ ਲੱਗ ਸਕਿਆ। ਅਗਲੇ ਦਿਨ ਇਸ ਨਿਹੰਗ ਪੂਹਲੇ ਦੀਆਂ ਜ਼ਿਆਦਤੀਆਂ ਸਬੰਧੀ ਸ਼ਿਕਾਇਤ ਕਰਨ ਲਈ ਪਿੰਡ ਦੇ ਲੋਕ ਕੈਪਟਨ ਸੁਖਦੇਵ ਸਿੰਘ ਦੀ ਅਗਵਾਈ ਵਿਚ ਪੁਲਿਸ ਕੋਲ ਗਏ। ਲੇਕਿਨ ਪੁਲਿਸ ਸਾਰੇ ਮਾਮਲੇ ਨੂੰ ਟਾਲਦੀ ਰਹੀ। ਜਿਸ ਕਾਰਣ ਪਿੰਡ ਦੇ ਲੋਕ ਨਿਰਾਸ਼ਤਾ ਦੇ ਆਲਮ ਵਿਚ ਆਪੋ ਆਪਣੇ ਘਰਾਂ ਨੂੰ ਵਾਪਸ ਆ ਗਏ। ਪੁਲਿਸ ਦੇ ਅਜਿਹੇ ਰਵੱਈਏ ਨੂੰ ਦੇਖ ਕੇ ਅਸੀਂ ਇਹ ਫੈਸਲਾ ਕੀਤਾ ਕਿ ਇਸ ਸਬੰਧੀ ਕੁਝ ਸਖ਼ਤ ਕਦਮ ਪੁੱਟਿਆ ਜਾਵੇ। ਜਿਸ ਕਰਕੇ ਅਸੀਂ 26 ਦਸੰਬਰ 2003 ਨੂੰ ਭਿਖੀ ਵਿੰਡ ਥਾਣੇ ਦਾ ਘਿਰਾਓ ਕਰਕੇ ਪੁਲਿਸ ਨੂੰ ਨਾਗੋ ਸ਼ਰਮਾ ਦੇ ਅਗਵਾ ਲਈ ਇਸ ਨਿਹੰਗ ਵਿਰੁਧ ਕੇਸ ਦਰਜ ਕਰਨ ਲਈ ਮਜ਼ਬੂਰ ਕਰ ਦਿਤਾ। 28 ਦਸੰਬਰ ਨੂੰ ਇਹ ਨਿਹੰਗ ਪੂਹਲਾ ਆਪਣੀ ਗ੍ਰਿਫ਼ਤਾਰੀ ਤੋਂ ਬਚਣ ਲਈ ਉਥੋਂ ਨਿਕਲ ਗਿਆ। ਜਦ ਇਕ ਮਹੀਨੇ ਤੱਕ ਪੁਲਿਸ ਦੇ ਹੱਥ ਇਹ ਨਿਹੰਗ ਪੂਹਲਾ ਨਹੀਂ ਲੱਗ ਸਕਿਆ ਤਾਂ ਪੁਲਿਸ ਨੇ ਇਸ ਨੂੰ ਭਗੌੜਾ ਕਰਾਰ ਦੇ ਦਿਤਾ। ਅਸੀਂ ਹਰ ਰੋਜ਼ ਪੁਲਿਸ ਅਧਿਕਾਰੀਆਂ ਉਪਰ ਇਸ ਗੱਲ ਲਈ ਜ਼ੋਰ ਪਾਉਂਦੇ ਰਹੇ ਕਿ ਇਸ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ।ਲੇਕਿਨ ਪੁਲਿਸ ਅਧਿਕਾਰੀ ਸਾਨੂੰ ਇਹ ਕਹਿ ਕੇ ਟਾਲਦੇ ਰਹੇ ਕਿ ਉਨ੍ਹਾਂ ਨੂੰ ਨਿਹੰਗ ਅਜੀਤ ਸਿੰਘ ਪੂਹਲਾ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਨਹੀਂ ਹੈ। ਲੇਕਿਨ ਸਾਨੂੰ ਪੁਲਿਸ ਦੀ ਇਸ ਸਬੰਧੀ ਸ਼ੱਕੀ ਨੀਅਤ ਬਾਰੇ ਪੂਰੀ-ਪੂਰੀ ਜਾਣਕਾਰੀ ਸੀ ਕਿਉਂਕਿ ਜਿਸ ਆਦਮੀ ਨੂੰ ਸਰਕਾਰ ਨੇ ਜੈਡ ਸਕਿਉਰਟੀ ਮੁਹੱਈਆ ਕਰਵਾਈ ਹੋਵੇ, ਉਸ ਆਦਮੀ ਬਾਰੇ ਤਾਂ ਸਰਕਾਰ ਕੋਲ ਮਿੰਟ ਮਿੰਟ ਦੀ ਜਾਣਕਾਰੀ ਦਾ ਹੋਣਾ ਜ਼ਰੂਰੀ ਹੈ। ਉਧਰ ਪਹਿਲੀ ਮਾਰਚ 2004 ਨੂੰ ਨਿਹੰਗ ਅਜੀਤ ਸਿੰਘ ਪੂਹਲੇ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਸਾਹਮਣੇ ਪੇਸ਼ ਹੋ ਕੇ ਬਿਆਨ ਦਿਤਾ ਕਿ ਉਹ ਤਾਂ ਯਾਤਰਾ 'ਤੇ ਗਿਆ ਸੀ। ਪੁਲਿਸ ਵਲੋਂ ਭਗੌੜਾ ਕਰਾਰ ਦਿਤੇ ਜਾਣ ਤੋਂ ਬਾਅਦ ਵੀ ਚੰਡੀਗੜ੍ਹ ਵਿਚ ਇਸ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।ਦੋ ਮਾਰਚ ਨੂੰ ਇਸ ਦੀ ਸਕਿਉਰਟੀ ਸਰਕਾਰ ਨੇ ਵਾਪਸ ਲੈ ਲਈ। 8-9 ਮਾਰਚ ਦੀ ਰਾਤ ਨੂੰ ਮਜੀਠਾ ਦੀ ਪੁਲਿਸ ਨੇ ਇਸ ਨੂੰ ਬਾਬਾ ਬਕਾਲਾ ਵਿਖੇ ਗ੍ਰਿਫ਼ਤਾਰ ਤਾਂ ਕਰ ਲਿਆ ਲੇਕਿਨ 10 ਮਾਰਚ ਨੂੰ ਥਾਣਾ ਮੁਖੀ ਦਰਸ਼ਨ ਸਿੰਘ ਨੇ ਆਪ ਹੀ ਜਮਾਨਤ ਲੈ ਕੇ ਉਸ ਨੂੰ ਛੱਡ ਦਿੱਤਾ ਜਦ ਕਿ ਇਹ ਅਪਰਾਧ ਗੈਰ ਜ਼ਮਾਨਤੀ ਸੀ। ਉਸ ਵਕਤ ਲੋਕ ਸਭਾ ਦੀਆਂ ਜਨਰਲ ਚੋਣਾਂ ਦਾ ਬਿਗਲ ਵੱਜ ਚੁੱਕਾ ਸੀ। ਪੰਜਾਬ ਦੇ ਕੈਬਨਿਟ ਮੰਤਰੀ ਅਵਤਾਰ ਹੈਨਰੀ, ਪ੍ਰਤਾਪ ਬਾਜਵਾ, ਮਲਕੀਅਤ ਬੀਰਮੀ ਤੇ ਲਾਲ ਸਿੰਘ ਇਕੱਠੇ ਹੋ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਗਏ ਤੇ ਇਸ ਗੱਲ ਦੀ ਸਿਫਾਰਸ਼ ਕੀਤੀ ਕਿ ਲੋਕ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਨਿਹੰਗ ਅਜੀਤ ਸਿੰਘ ਪੂਹਲੇ ਦੀ ਪੂਰੀ-ਪੂਰੀ ਮਦਦ ਕੀਤੀ ਜਾਵੇ। ਜਿਸ ਕਾਰਣ ਪੰਜਾਬ ਦੇ ਮੁੱਖ ਮੰਤਰੀ ਨੇ ਪੁਲਿਸ ਨੂੰ ਹਦਾਇਤ ਕੀਤੀ ਕਿ ਨਿਹੰਗ ਅਜੀਤ ਸਿੰਘ ਪੂਹਲੇ ਨੂੰ ਰਿਹਾ ਕਰ ਦਿੱਤਾ ਜਾਵੇ। ਆਪਣੀ ਰਿਹਾਈ ਤੋਂ ਬਾਅਦ ਨਿਹੰਗ ਪੂਹਲਾ ਫਿਰ ਪਿੰਡ ਪੂਹਲੇ ਆ ਕੇ ਦਹਾੜਨ ਲੱਗਾ। ਪਿੰਡ ਦੇ ਲੋਕ ਫਿਰ ਭੈਭੀਤ ਹੋ ਗਏ। ਅਸੀਂ ਫਿਰ ਇਕੱਠੇ ਹੋ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲੇ ਤੇ ਇਸ ਦੁਆਰਾ ਕੀਤੇ ਜ਼ੁਲਮਾ ਦੀ ਇਕ ਸੂਚੀ ਕੈਪਟਨ ਅਮਰਿੰਦਰ ਸਿੰਘ ਨੂੰ ਦਿਤੀ।

**?-ਨਿਹੰਗ ਅਜੀਤ ਸਿੰਘ ਪੂਹਲੇ ਦੇ ਜ਼ੁਲਮਾਂ ਬਾਰੇ ਜਾਣਕਾਰੀ ਤੁਹਾਨੂੰ ਕਿਥੋਂ ਕਿਥੋਂ ਮਿਲੀ?**

-ਨਿਹੰਗ ਅਜੀਤ ਸਿੰਘ ਪੂਹਲੇ ਦਾ ਸਾਬਕਾ ਪੀ.ਏ ਸਵਰਨਜੀਤ ਸਿੰਘ ਇਸ ਦੀਆਂ ਕਾਰਵਾਈਆਂ ਤੋਂ ਦੁਖੀ ਹੋ ਕੇ ਅੱਡ ਹੋ ਚੁੱਕਾ ਸੀ। ਅਸੀਂ ਉਸ ਨੂੰ ਗੁਰੂਦੁਆਰਾ ਚਰਨ ਕਮਲ ਬੰਗਾ ਵਿਖੇ ਮਿਲੇ । ਉਸ ਨੇ ਸਾਨੂੰ ਕਿਹਾ ਕਿ ਜੇਕਰ ਤੁਸੀਂ ਮੇਰੀ ਬਾਂਹ ਫੜੋਂ ਤਾਂ ਮੈਂ ਤਹਾਨੂੰ ਇਸ ਦੀਆਂ ਸਾਰੀਆਂ ਕਰਤੂਤਾਂ ਦੱਸ ਸਕਦਾ ਹਾਂ। ਉਸ ਨੇ ਇਹ ਵੀ ਦੱਸਿਆ ਕਿ ਨਿਹੰਗ ਪੂਹਲੇ ਨੇ ਉਸ ਦੇ ਸਹੁਰਾ ਸਾਹਿਬ ਜਥੇਦਾਰ ਦੀਪ ਸਿੰਘ ਉਪਰ ਵੀ ਬਹੁਤ ਜ਼ੁਲਮ ਕੀਤੇ ਹਨ। ਇਸ ਲਈ ਉਹ ਵੀ ਸਾਡੀ ਮਦਦ ਕਰਨਗੇ। ਸਾਡੇ ਵਲੋਂ ਭਰੋਸਾ ਦਿਵਾਏ ਜਾਣ ਤੇ ਸਵਰਨਜੀਤ ਨੇ ਸਾਨੂੰ ਨਿਹੰਗ ਪੂਹਲੇ ਕੋਲ ਮੌਜੂਦ ਉਨ੍ਹਾਂ ਹਥਿਆਰਾਂ ਦੀ ਲਿਸਟ ਤੇ ਨੰਬਰ ਦੇ ਦਿਤੇ ਜਿਹੜੇ ਹਥਿਆਰ ਪੁਲਿਸ ਨੇ ਉਸ ਨੂੰ ਦਿਤੇ ਹੋਏ ਸਨ। ਇਸ ਵਿਚ ਐਲ.ਐਮ.ਜੀ ਵਰਗੇ ਹਥਿਆਰ ਵੀ ਸ਼ਸ਼ਾਮਲ ਸਨ।

**?-ਤੁਹਾਡੇ ਇਸ ਸੰਘਰਸ਼ ਵਿਚ ਕਿਹੜੇ-ਕਿਹੜੇ ਅਕਾਲੀ ਲੀਡਰਾਂ ਨੇ ਤੁਹਾਡਾ ਸਾਥ ਦਿਤਾ?**

-ਚਾਹਲ ਸਾਹਿਬ ਤੁਸੀਂ ਸਾਥ ਦੇਣ ਦੀ ਗੱਲ ਪੁਛਦੇ ਹੋ? ਕਿਸੇ ਵੀ ਅਕਾਲੀ ਲੀਡਰ ਨੇ ਚੂੰ ਤੱਕ ਨਹੀਂ ਕੀਤੀ। ਉਨ੍ਹਾਂ ਦੀ ਤਾਂ ਇਸ ਅਖਾਣ ਵਾਂਗ ਉਹ ਗੱਲ ਸੀ ਕਿ "ਰੋਮ ਜਲ ਰਿਹਾ ਹੈ ਤੇ ਨੀਰੋ ਬੰਸਰੀ ਵਜਾ ਰਿਹਾ ਹੈ।"

**?-ਕੀ ਤੁਸੀਂ ਕਿਸੇ ਅਕਾਲੀ ਲੀਡਰ ਨੂੰ ਮਿਲ ਕੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨ ਦਾ ਕਦੇ ਯਤਨ ਵੀ ਕੀਤਾ ਸੀ?**

-ਅਸੀਂ ਸ੍ਰ: ਪ੍ਰਕਾਸ਼ ਸਿੰਘ ਬਾਦਲ , ਸ੍ਰ: ਸਿਮਰਨਜੀਤ ਸਿੰਘ ਮਾਨ , ਬੀਬੀ ਜਗੀਰ ਕੌਰ ਸਮੇਤ ਬਹੁਤ ਸਾਰੇ ਅਕਾਲੀ ਲੀਡਰਾਂ ਨੂੰ ਮਿਲੇ ਤਾਂ ਸੀ ਲੇਕਿਨ ਹਰ ਇਕ ਅਕਾਲੀ ਲੀਡਰ ਨੇ ਆਪਣੀ ਜ਼ਬਾਨ ਨੂੰ ਨਾ ਖੋਲ੍ਹਣਾ ਹੀ ਬਿਹਤਰ ਸਮਝਿਆ।

**?-ਤੁਸੀਂ ਇਕ ਬਹੁਤ ਲੰਬੀ ਜੱਦੋ-ਜਹਿਦ ਤੋਂ ਬਾਅਦ ਜਿਥੇ ਨਿਹੰਗ ਅਜੀਤ ਸਿੰਘ ਪੂਹਲੇ ਨੂੰ ਜ਼ੇਲ੍ਹ ਦੀਆਂ ਸੀਖਾਂ ਪਿੱਛੇ ਨਜ਼ਰਬੰਦ ਕਰਵਾਇਆ ਹੈ, ਉਥੇ ਉਸ ਦੇ ਕਬਜ਼ੇ ਵਾਲੇ ਬਹੁਤ ਸਾਰੇ ਗੁਰੂਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਉਨ੍ਹਾਂ ਦਾ ਪ੍ਰਬੰਧ ਸ਼੍ਰੋਮਣੀ ਗੁਰੂਦਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿਤਾ ਹੈ। ਜਿਹੜੇ ਗੁਰੂਦੁਆਰਾ ਸਾਹਿਬ ਤੁਸੀਂ ਇਸ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਏ ਹਨ, ਉਨ੍ਹਾਂ ਬਾਰੇ ਜਾਣਕਾਰੀ ਦਿਓ?**

-ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਯਾਦ ਵਿਚ ਬਣਿਆ ਗੁਰਦੁਆਰਾ ਪਿੰਡ ਪੂਹਲਾ ਜਿਹੜਾ 1986 ਤੋਂ ਹੀ ਇਸ ਦੇ ਕਬਜ਼ੇ ਵਿਚ ਸੀ। ਉਹ ਆਜ਼ਾਦ ਕਰਵਾ ਕੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿਤਾ ਗਿਆ ਹੈ। ਦੂਸਰਾ ਗੁਰੂਦੁਆਰਾ ਦਮਦਮਾ ਸਾਹਿਬ ਸ੍ਰੀ ਹਰਗੋਬਿੰਦਪੁਰ ਸਾਹਿਬ-ਇਸ ਗੁਰੂਦੁਆਰਾ ਸਾਹਿਬ ਵਿਚ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਛੇ ਸੇਵਾਦਾਰਾਂ ਬਾਬਾ ਰੇਸ਼ਮ ਸਿੰਘ, ਸੁਖਦੇਵ ਸਿੰਘ, ਬਲਵਿੰਦਰ ਸਿੰਘ ਭਾਊ ਆਦਿ ਨੂੰ ਉਸ ਵੇਲੇ ਦੀ ਤਰਨਤਾਰਨ ਦੇ ਪੁਲਿਸ ਮੁਖੀ ਅਜੀਤ ਸਿੰਘ ਦੀ ਮਦਦ ਨਾਲ ਡੀ.ਐਸ.ਪੀ ਕਸ਼ਮੀਰ ਸਿੰਘ ਨੇ ਮੁਕਾਬਲਾ ਦਿਖਾ ਕੇ ਮਾਰ ਮੁਕਾ ਦਿਤਾ ਸੀ ਤੇ ਗੁਰੂਦੁਆਰਾ ਸਾਹਿਬ ਦਾ ਪ੍ਰਬੰਧ ਨਿਹੰਗ ਅਜੀਤ ਸਿੰਘ ਪੂਹਲੇ ਦੇ ਸੁਪੱਰਦ ਕਰ ਦਿਤਾ ਸੀ। ਉਸ ਵਕਤ ਕਿਸੇ ਵੀ ਅਕਾਲੀ ਆਗੂ ਨੇ ਇਸ ਦਾ ਵਿਰੋਧ ਨਹੀਂ ਸੀ ਕੀਤਾ। ਇਸ ਤੋਂ ਇਲਾਵਾ ਰਈਆ-ਬਟਾਲਾ ਰੋਡ 'ਤੇ ਸਥਿਤ ਗੁਰੂਦਆਰਾ ਸਾਹਿਬ ਕਰਤਾਰਪੁਰ ਝੂਠਾ, ਤਹਿਸੀਲ ਬਟਾਲਾ ਦੇ ਪਿੰਡ ਘੁੰਮਾਣ ਦਾ ਗੁਰੂਦੁਆਰਾ ਸਾਹਿਬ, ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੇ ਗੁਰੂਦੁਆਰਾ ਸਾਹਿਬ ਹਰਚੋਵਾਲ, ਗੁਰੂਦੁਆਰਾ ਸੰਘੇੜੀ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਤੇ ਚੰਡੀਗੜ੍ਹ ਦੇ ਸੈਕਟਰ 39-ਸੀ ਵਿਚ ਬਾਬਾ ਸ੍ਰੀ ਚੰਦ ਜੀ ਦੀ ਯਾਦ ਵਿਚ ਬਣਿਆ ਹੋਇਆ ਗੁਰੂਦੁਆਰਾ ਨਾਨਕ ਸਾਗਰ ਸ਼ਾਮਲ ਹੈ ਜਿਨ੍ਹਾਂ ਨੂੰ ਇਸ ਨਿਹੰਗ ਦੇ ਕਬਜ਼ੇ ਤੋਂ ਮੁਕਤ ਕਰਵਾ ਕੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿਤਾ ਗਿਆ ਹੈ।

**?-ਹੁਣ ਜਦ ਕਿ ਤੁਸੀਂ ਨਿਹੰਗ ਅਜੀਤ ਸਿੰਘ ਪੂਹਲੇ ਕੋਲੋਂ ਸਾਰੇ ਗੁਰੂਦੁਆਰਿਆਂ ਨੂੰ ਤੁਸੀਂ ਆਜ਼ਾਦ ਕਰਵਾ ਕੇ ਸ਼੍ਰੋਮਣੀ ਗੁਰੂਦੁਆਰਿਆਂ ਦੇ ਹਵਾਲੇ ਕਰ ਦਿਤਾ ਹੈ ਉਥੇ ਨਿਹੰਗ ਅਜੀਤ ਸਿੰਘ ਨੂੰ ਜ਼ੇਲ੍ਹਾਂ ਦੀਆਂ ਸੀਖਾਂ ਪਿਛੇ ਵੀ ਨਜ਼ਰਬੰਦ ਕਰਵਾਇਆ ਹੋਇਆ ਹੈ? ਹੁਣ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ?**

-ਨਿਹੰਗ ਅਜੀਤ ਸਿੰਘ ਪੂਹਲੇ ਦੀ ਦਹਿਸ਼ਤ ਕਾਰਨ ਇਸ ਖੇਤਰ ਦੇ ਲੋਕਾਂ ਦਾ ਡਿੱਗ ਚੁੱਕਾ ਮਨੋਬਲ ਭਾਵੇਂ ਬਹਾਲ ਹੋ ਗਿਆ ਹੈ ਪਰ ਇਥੋਂ ਦੇ ਸਮਾਜਿਕ ਖੇਤਰ ਵਿਚ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਜਿਸ ਲਈ ਅਸੀਂ ਸਾਰੇ ਯਤਨ ਕਰ ਰਹੇ ਹਾਂ। ਗੁਰੂਦੁਆਰਿਆਂ ਦੇ ਪ੍ਰਬੰਧਾਂ ਵਿਚ ਸੁਧਾਰ ਕਰਨ ਦੇ ਯਤਨਾਂ ਦੇ ਨਾਲ-ਨਾਲ ਇਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਵੱਲ ਵੀ ਧਿਆਨ ਦੇ ਰਹੇ ਹਾਂ। ਜਿਸ ਲਈ ਅਸੀਂ ਬਹੁਤ ਸਾਰੇ ਪ੍ਰੋਜੈਕਟ ਆਰੰਭੇ ਹੋਏ ਹਨ। ਜਿਸ ਮਿਸ਼ਨ ਦੀ ਪੂਰਤੀ ਲਈ ਮੈਂ ਦੇਸ਼ ਵਿਦੇਸ਼ ਦਾ ਦੌਰਾ ਕਰ ਰਿਹਾ ਹਾਂ।

**?-ਅੱਛਾ ਜੀ ਤੁਹਾਡਾ ਬਹੁਤ-ਬਹੁਤ ਧੰਨਵਾਦ? ਤੁਹਾਡੇ ਸਾਰੇ ਪ੍ਰੋਜੈਕਟਾ ਦੀ ਸਫ਼ਲਤਾ ਲਈ ਸਾਡੀਆਂ ਸ਼ੁਭਕਾਮਨਾਵਾਂ**

-ਤੁਹਾਡੇ ਵਲੋਂ ਮੇਰੇ ਲਈ ਵਕਤ ਕੱਢਣ ਵਾਸਤੇ ਬਹੁਤ-ਬਹੁਤ ਧੰਨਵਾਦ ਜੀ।




ਪੰਜਾਬ ਨਿਊਜ ਦੇ ਦਫ਼ਤਰ ਵਿਚ ਗਲਬਾਤ ਕਰਦੇ ਹੋਏ ਕਰਨਲ ਜੀ.ਐਸ.ਸੰਧੂ

## ਨਿਹੰਗ ਪੂਹਲੇ ਦੇ ਪਿਤਾ ਦੀ ਮੌਤ ਤੋਂ ਬਾਅਦ ਪੁਲਿਸ ਅਧਿਕਾਰੀ ਸੁਮੇਧ ਸੈਣੀ ਦੀ ਹੋਈ ਦਸਤਾਰਬੰਦੀ

ਪਿਛਲੇ ਸਮੇਂ ਦੌਰਾਨ ਨਿਹੰਗ ਅਜੀਤ ਸਿੰਘ ਪੂਹਲੇ ਦੇ ਪਿਤਾ ਸ੍ਰ: ਨਾਹਰ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਨਿਹੰਗ ਅਜੀਤ ਸਿੰਘ ਪੂਹਲੇ ਵਲੋਂ ਗੁਰੂ ਹਰਗੋਬਿੰਦ ਸਾਹਿਬ ਦੀ ਪਾਵਨ ਛੂਹ ਪ੍ਰਾਪਤ ਨਗਰ ਕਰਤਾਰਪੁਰ ਦੇ ਇਤਿਹਾਸਕ ਗੁਰੂਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸ਼ਰਧਾਂਜਲੀ ਸਮਾਗਮ ਵਿਚ ਸ੍ਰ: ਨਾਹਰ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਤੇ ਨਿਹੰਗ ਅਜੀਤ ਸਿੰਘ ਪੂਹਲੇ ਦੇ ਗੁਣ ਗਾਇਨ ਕਰਨ ਵਾਲਿਆਂ ਵਿਚ ਉਸ ਵੇਲੇ ਦੇ ਅਕਾਲੀ ਵਿਧਾਇਕ ਮਨਮੋਹਣ ਸਿੰਘ ਸਠਿਆਲਾ, ਆਈ.ਜੀ ਪੁਲਿਸ ਸੁਮੇਧ ਸੈਣੀ, ਹੁਣ ਦੇ ਕੈਬਨਿਟ ਮੰਤਰੀ ਅਵਤਾਰ ਹੈਨਰੀ, ਭਾਜਪਾ ਆਗੂ ਹਰਪਾਲ ਸਿੰਘ ਹਰਪੁਰਾ, ਉਸ ਵੇਲੇ ਦੇ ਅਕਾਲੀ ਮੰਤਰੀ ਰਾਜਾ ਨਰਿੰਦਰ ਸਿੰਘ ਤੇ ਸ਼੍ਰੋਮਣੀ ਕਮੇਟੀ ਮੈਂਬਰ ਕਸ਼ਮੀਰ ਸਿੰਘ ਬਰਿਆਰ ਆਦਿ ਸ਼ਾਮਲ ਸਨ। ਸ਼ਰਧਾਂਜਲੀ ਸਮਾਗਮ ਦੇ ਅੰਤ ਵਿਚ ਨਿਹੰਗ ਅਜੀਤ ਸਿੰਘ ਪੂਹਲੇ ਨੇ ਆਪਣੇ ਵੱਡੇ ਭਰਾ ਵਜੋਂ ਆਈ.ਜੀ ਪੁਲਿਸ ਸੁਮੇਧ ਸੈਣੀ ਨੂੰ ਦਸਤਾਰ ਸਜਾ ਕੇ ਚੋਲਾ ਤੇ ਮਾਲਾ ਪੁਆ ਦਿਤੀ ਤੇ ਪਰਿਵਾਰ ਵਲੋਂ ਉਨ੍ਹਾਂ ਨੂੰ ਸ਼ਾਲ ਭੇਂਟ ਕੀਤਾ ਗਿਆ।